# ਪੰਜਾਬ ਸਕੂਲ ਸਿੱਖਿਆ ਬੋਰਡ

ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਕਰਾਉਣ ਲਈ ਫਾਰਮ
(ਜ਼ਰੂਰੀ ਹਦਾਇਤਾਂ ਪਿਛਲੇ ਪੰਨੇ ਤੇ ਪੜ੍ਹੋ)
1 ਅਪ੍ਰੈਲ 2013 ਤੋਂ ਲਾਗੂ

ਕੇਸ ਨੰ :.....................
(ਸਰਟੀਫਿਕੇਟ ਸ਼ਾਖਾ)

ਡਾਇਰੀ ਨੰ :.................
ਮਿਤੀ :.......................
(ਸਿੰਗਲ ਵਿੰਡੋ)

ਚੈੱਕ ਲਿਸਟ :-

1) ਜਨਮ ਸਰਟੀਫਿਕੇਟ ਪ੍ਰੀਖਿਆਰਥੀ ਦਾ (ਅਸਲ) ਸੋਧ ਹੋਣ ਉਪਰੰਤ ਵਾਪਸ ਨਹੀਂ ਕੀਤਾ ਜਾਵੇਗਾ। 2) ਰਾਸ਼ਨ ਕਾਰਡ (ਤਸਦੀਕ ਕਾਪੀ) 3) ਹਲਫੀਆ ਬਿਆਨ ਪਹਿਲਾ ਦਰਜਾ ਮੈਜਿਸਟ੍ਰੇਟ ਵੱਲ ਪਿਤਾ ਜਾਂ ਮਾਤਾ ਵੱਲੋਂ ਬਾਕੀ ਬੱਚਿਆਂ ਦੇ ਨਾਮ ਅਤੇ ਜਨਮ ਮਿਤੀਆਂ ਸਹਿਤ 4) ਵੋਟਰ ਕਾਰਡ (ਤਸਦੀਕ ਕਾਪੀ) 5) ਯੋਗਤਾ ਸਰਟੀਫਿਕੇਟ(ਅਸਲ) ਪੰਜਵੀਂ/ਅੱਠਵੀਂ/ਦਸਵੀਂ/+2 ਦੇ 6) ਗਲਤੀ ਹੋਣ ਸੰਬੰਧੀ ਬਿਨੈਕਾਰ ਦਾ ਸਪੱਸਟੀਕਰਣ 7) ਭੈਣ ਭਰਾਵਾਂ ਦੇ ਜਨਮ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ।

ਜਿਲ੍ਹੇ ਦਾ ਨਾਂ

ਜੋ ਸੋਧ ਕਰਵਾਉਣੀ ਹੈ, ਖਾਨੇ ਨੂੰ ਟਿੱਕ ਕੀਤਾ ਜਾਵੇ।

1. ਜਨਮ ਮਿਤੀ ☐ 3. ਮਾਤਾ ਦਾ ਨਾਂ ☐
2. ਪਿਤਾ ਦਾ ਨਾਂ ☐

**ਫੀਸ ਦਾ ਵੇਰਵਾ**

ਸਥਾਨ
ਰਕਮ
ਰਸੀਦ ਨੰਬਰ
ਮਿਤੀ

**ਹਸਤਾਖਰ**

(ਪੰਜਾਬੀ ਵਿੱਚ)

(ਅੰਗਰੇਜ਼ੀ ਵਿੱਚ)

ਪ੍ਰੀਖਿਆਰਥੀ ਦਾ ਨਾਂ ..........................................................................................
ਉਮੀਦਵਾਰ ਦਾ ਪੱਕਾ ਪਤਾ .....................................................................................
..................................................................................... ਜਿਲ੍ਹਾ ..............................

**ਪ੍ਰੀਖਿਆਰਥੀ ਦੇ ਵੇਰਵੇ Student Details (IN CAPITAL LETTER)**

| | ਪੁਰਾਣੇ ਵੇਰਵੇ Old Details | ਨਵੇਂ ਵੇਰਵੇ New Details |
|---|---|---|
| ਪਿਤਾ ਦਾ ਨਾਂ | | |
| ਮਾਤਾ ਦਾ ਨਾਂ | | |
| Father's Name | | |
| Mother's Name | | |
| Date of Birth | | |

Name ________ Gender Male ☐ Female ☐
Mobile No ________ STD Code ________ Phone No ________
E-Mail ________

| ਕਲਾਸ | ਸਾਲ/ਸ਼ੈਸ਼ਨ (ਮਾਰਚ/ਸਤੰਬਰ) | ਰੋਲ ਨੰਬਰ | ਸਕੂਲ ਦਾ ਨਾਂ | ਦਾਖਲ ਹੋਣ ਦਾ ਸਾਲ | ਸਕੂਲ ਛੱਡਣ ਦਾ ਸਾਲ |
|---|---|---|---|---|---|
| ਪੰਜਵੀਂ | | | | | |
| ਅੱਠਵੀਂ | | | | | |
| ਦਸਵੀਂ | | | | | |
| ਬਾਰਵੀਂ | | | | | |

ਸੋਧ ਕਰਵਾਉਣ ਦਾ ਕਾਰਨ ..........................................................................................
ਹੋਈ ਦੇਰੀ ਦਾ ਕਾਰਨ ਦੱਸਿਆ ਜਾਵੇ ...................................................................
ਸਬੂਤ ਵਜੋ ਨੱਥੀ ਦਸਤਾਵੇਜ਼ : 1............................2...............................3...............................
4............................5............................6................................7..................................

ਬਿਨੈਕਾਰ ਦੇ ਪਿਤਾ/ਮਾਤਾ ਦਾ ਨਾਂ ਅਤੇ ਜਨਮ ਮਿਤੀ ..........................................................
............................................................ ਹੈ।

ਸਕੂਲ ਮੁੱਖੀ/ਖੇਤਰ ਦੇ ਮੈਜਿਸਟਰੇਟ (ਪਹਿਲਾ ਦਰਜਾ) ਦੇ ਹਸਤਾਖਰ
(ਦਫਤਰੀ ਮੋਹਰ)

ਜੇਕਰ ਤੁਸੀਂ ਨੌਕਰੀ ਕਰਦੇਂ ਹੋ ਤਾਂ ਇਹ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਰਾਹੀਂ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ (ਮੋਹਾਲੀ) ਨੂੰ ਅਗਲੀ ਕਾਰਵਾਈ ਹਿੱਤ ਭੇਜਿਆ ਜਾਵੇ।

ਨਿਯੁਕਤੀਕਾਰ ਦੇ ਹਸਤਾਖਰ...............................
ਮਿਤੀ.........................
(ਦਫਤਰੀ ਮੋਹਰ)

ਫਾਰਮ ਵਿੱਚ ਭਰੇ ਸਾਰੇ ਵੇਰਵੇ ਅਤੇ ਉਪਰੋਕਤ ਚੈੱਕ ਲਿਸਟ ਅਨੁਸਾਰ ਨੱਥੀ ਦਸਤਾਵੇਜ਼ ਚੈੱਕ ਕਰ ਲਏ ਹਨ ਅਤੇ ਫਾਰਮ ਬਿਲਕੁੱਲ ਠੀਕ ਭਰਿਆ ਹੈ।

ਪ੍ਰੀਖਿਆਰਥੀ ਦੇ ਹਸਤਾਖਰ ਫਾਰਮ ਪ੍ਰਾਪਤ ਕਰਤਾ ਦੇ ਹਸਤਾਖਰ

***ਕੇਵਲ ਦਫਤਰੀ ਵਰਤੋਂ ਲਈ***

**ਸੋਧ ਪੱਤਰੀ ਦਾ ਵੇਰਵਾ**
ਸੋਧ ਪੱਤਰੀ ਨੰ.
ਮਿਤੀ

ਸਹਾਇਕ ਕਲਰਕ

**ਸੋਧ ਪੱਤਰੀ ਭੇਜਣ ਦਾ ਵੇਰਵਾ**
ਰਜਿਸਟਰਡ ਨੰ.
R P _ _ _ _ _ _ _ _ _ I N
ਮਿਤੀ

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ
ਨਾਂ..........................................................
ਪਿਤਾ ਦਾ ਨਾਂ ..........................................
ਪੂਰਾ ਪਤਾ ...............................................
..............................ਪਿੰਨ ਕੋਡ ...............
ਫੋਨ/ਮੋਬਾਈਲ ਨੰ:-......................................

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ
ਨਾਂ..........................................................
ਪਿਤਾ ਦਾ ਨਾਂ ..........................................
ਪੂਰਾ ਪਤਾ ...............................................
..............................ਪਿੰਨ ਕੋਡ ...............
ਫੋਨ/ਮੋਬਾਈਲ ਨੰ:-......................................

***** ਕੰਪਿਊਟਰ ਸੈੱਲ *****

## ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਸਬੰਧੀ ਨਿਯਮ/ਹਦਾਇਤਾਂ

(ਬਿਨੈਕਾਰ ਨੂੰ ਚਾਹੀਦਾ ਹੈ ਕਿ ਉਹ ਜਨਮ ਮਿਤੀ/ਪਿਤਾ/ ਮਾਤਾ ਦੇ ਨਾਂ ਵਿੱਚ ਸੋਧ ਵਾਲਾ ਫਾਰਮ ਭਰਨ ਤੋਂ ਪਹਿਲਾਂ ਬੋਰਡ ਦੇ ਨਿਯਮਾਂ/ਵਿਨਿਯਮਾਂ ਨੂੰ ਧਿਆਨ ਨਾਲ ਪੜ੍ਹੇ ਅਤੇ ਸਾਰੀਆਂ ਪ੍ਰੀਖਿਆਵਾਂ ਵਾਸਤੇ ਕੇਵਲ ਇੱਕ ਹੀ ਸੋਧ ਫਾਰਮ ਭਰਿਆ ਜਾਵੇ।)

1. ਬਿਨੈਕਾਰ ਵੱਲੋਂ ਬੋਰਡ ਤੋਂ ਪਾਸ ਕੀਤੀ ਅੰਤਿਮ ਪ੍ਰੀਖਿਆ ਤੋਂ 10 (ਦਸ) ਸਾਲ ਬਾਅਦ ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਦੀ ਸੋਧ/ਤਬਦੀਲੀ ਕਰਾਉਣ ਲਈ ਯੋਗ ਪਾਤਰ ਨਹੀਂ ਹੋਵੇਗਾ। ਇਸ ਲਈ ਦਰੁਸਤੀ ਲਈ ਬਿਨੈਪੱਤਰ ਬੋਰਡ ਦਫਤਰ ਨਾਂ ਜਮ੍ਹਾਂ ਕਰਵਾਇਆ ਜਾਵੇ। ਪਰ ਫਿਰ ਵੀ ਸਮ੍ਹੇਂ ਸਮੇਂ ਸਿਰ ਸਮਾਂ ਸੀਮਾ ਦੀ ਸ਼ਰਤ ਲਈ ਫਾਰਮ ਭਰਨ ਤੋਂ ਪਹਿਲਾਂ ਬੋਰਡ ਦੀ **website** ਤੋਂ ਜਾਣਕਾਰੀ ਲੈ ਲਈ ਜਾਵੇ।
2. ਜਨਮ ਮਿਤੀ/ ਪਿਤਾ / ਮਾਤਾ ਦਾ ਨਾਂਵਾਂ ਵਿੱਚ ਸੋਧ ਕਰਵਾਉਣ ਸਬੰਧੀ ਬੋਰਡ ਹਰ ਸਾਲ ਇੱਕ ਕਮੇਟੀ ਨਿਯੁਕਤ ਕਰੇਗਾ। ਇਸ ਕਮੇਟੀ ਦੀ ਮਿਆਦ ਹਰ ਸਾਲ ਪਹਿਲੀ ਜਨਵਰੀ ਤੋਂ ਸ਼ੁਰੂ ਹੋਵੇਗੀ।
3. ਜਨਮ ਮਿਤੀ/ ਪਿਤਾ ਅਤੇ ਮਾਤਾ ਦੇ ਨਾਂ ਦੀ ਸੋਧ ਫੀਸ 1000/- ਰੁਪਏ ਹੈ। (ਪ੍ਰਤੀ ਸੋਧ) ਇਹ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ। ਫੀਸ ਤੋਂ ਬਗੈਰ ਭੇਜਿਆ ਬਿਨੈ-ਪੱਤਰ ਫਾਰਮ ਪ੍ਰਵਾਨ ਨਹੀਂ ਹੋਵੇਗਾ ।
4. ਬਿਨੈ-ਪੱਤਰ ਫਾਰਮ ਦੇ ਨਾਲ ਪੰਜਵੀਂ, ਅੱਠਵੀਂ, ਦਸਵੀਂ ਅਤੇ +2 ਦੇ ਅਸਲ ਸਰਟੀਫਿਕੇਟ ਜ਼ਰੂਰ ਨੱਥੀ ਕੀਤੇ ਜਾਣ।
5. ਬਿਨੈ-ਪੱਤਰ ਉਸ ਸੰਸਥਾ ਦੇ ਮੁੱਖੀ ਰਾਹੀ ਭੇਜਿਆ ਜਾਵੇ ਜਿੱਥੇ ਬਿਨੈਕਾਰ ਸਭ ਤੋਂ ਅਖੀਰ ਵਿੱਚ ਪੜ੍ਹਦਾ ਰਿਹਾ ਹੈ। ਜਿਨ੍ਹਾਂ ਨੇ ਕਿਸੇ ਪ੍ਰਵਾਨਿਤ ਸਕੂਲ ਵਿੱਚ ਪੜ੍ਹਾਈ ਨਹੀ ਕੀਤੀ ਉਨ੍ਹਾਂ ਨੂੰ ਆਪਣੇ ਬਿਨੈ-ਪੱਤਰ ਫਾਰਮ ਪਹਿਲਾ ਦਰਜਾ ਮੈਜਿਸਟਰੈਟ ਕੋਲੋਂ ਯੱਥਾਯੋਗ ਤਸਦੀਕ ਕਰਵਾਕੇ ਭੇਜਣੇ ਚਾਹੀਦੇ ਹਨ। ਨੌਕਰੀ ਕਰ ਰਹੇ ਵਿਅਕਤੀ ਬਿਨੈ-ਫਾਰਮ ਆਪਣੇ ਨਿਯੁਕਤੀਕਰ ਰਾਹੀਂ ਭੇਜਣ ਅਤੇ ਆਪਣੇ ਦਫਤਰ ਤੋਂ ਲਿਖਵਾ ਕੇ ਭੇਜਣ ਕਿ ਜਨਮ ਮਿਤੀ ਸੋਧ ਹੋਣ ਦੇ ਸਬੰਧ ਵਿੱਚ ਦਫਤਰ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਵੱਖਰੇ ਤੌਰ ਤੇ ਇਤਰਾਜ਼ਹੀਣਤਾ ਸਰਟੀਫਿਕੇਟ (NOC) ਸਬੰਧਤ ਨਿਯੁਕਤੀਕਾਰ ਤੋਂ ਲੈ ਕੇ ਫਾਰਮ ਦੇ ਨਾਲ ਨੱਥੀ ਕੀਤਾ ਜਾਵੇ।
6. ਬਿਨੈ-ਪੱਤਰ ਸਾਧਾਰਨ ਤੌਰ ਤੇ ਪ੍ਰੀਖਿਆ ਦਾ ਨਤੀਜਾ ਪ੍ਰਕਾਸ਼ਿਤ ਹੋਣ ਤੋਂ ਲੈ ਕੇ ਦੋ ਸਾਲ ਦੇ ਅੰਦਰ-ਅੰਦਰ ਬੋਰਡ ਦੇ ਦਫਤਰ ਵਿੱਚ ਪਹੁੰਚ ਜਾਣਾ ਚਾਹੀਦਾ ਹੈ। ਦਸ ਸਾਲ ਤੱਕ ਦੇਰੀ ਦੀ ਮੁਆਫੀ ਵਾਜਬ ਕਾਰਨ ਸਾਬਤ ਹੋਣ ਤੇ ਚੇਅਰਮੈਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਬੋਰਡ ਦਾ ਅਫਸਰ ਦੇ ਸਕਦਾ ਹੈ। ਦਸ ਸਾਲ ਤੋਂ ਵੱਧ ਦੀ ਦੇਰੀ ਜਨਮ ਮਿਤੀ/ ਪਿਤਾ/ਮਾਤਾ ਦੇ ਨਾਂ ਦੀ ਸੋਧ ਦੀ ਮੁਆਫੀ ਸੋਧ ਵਾਲੀ ਕਮੇਟੀ ਦੇ ਸਕਦੀ ਹੈ, ਜੇਕਰ ਕਮੇਟੀ ਸਮਝਦੀ ਹੈ ਕਿ ਬਿਨੈਕਾਰ ਵੱਲੋਂ ਹੋਈ ਦੇਰੀ ਦੇ ਕਾਰਨ ਵਾਜਬ ਹਨ। ਅਜਿਹੇ ਬਿਨੈਕਾਰ ਨੂੰ 2 ਸਾਲ ਤੱਕ ਦੀ ਦੇਰੀ ਮੁਆਫੀ ਦੀ ਫੀਸ 500/- ਰੁਪਏ ਅਤੇ ਇਸ ਤੋਂ ਬਾਅਦ 500/- ਰੁਪਏ ਪ੍ਰਤੀ ਸਾਲ (ਨਾ ਮੁੜਨ ਯੋਗ) ਫੀਸ ਵਾਧੂ ਦੇਣੀ ਪਵੇਗੀ।
7. ਸਾਧਾਰਨ ਤੌਰ ਤੇ ਕਮੇਟੀ ਕੇਵਲ ਉਹ ਹੀ ਉਕਾਈ ਸੋਧਣ ਦੀ ਸਿਫਾਰਸ਼ ਕਰੇਗੀ ਜੋ ਲਿਖਤੀ ਉਕਾਈ ਹੋਵੇਗੀ ਭਾਵ ਇੱਕ ਦਾਖਲਾ ਰਜਿਸਟਰ ਤੋਂ ਦੂਜੇ ਦਾਖਲਾ ਖਾਰਜ ਰਜਿਸਟਰ ਤੇ ਲਿਖਣ ਸਮੇਂ ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਦਾ ਬਦਲਣਾ। ਇਸ ਮੰਤਵ ਲਈ ਸਕੱਤਰ ਪਿਛਲਾ ਸਾਰਾ ਰਿਕਾਰਡ ਪ੍ਰਾਪਤ ਕਰਨਗੇ, ਜਿੱਥੇ ਬਿਨੈਕਾਰ ਪਹਿਲੀ ਵਾਰ ਸਕੂਲ ਵਿੱਚ ਦਾਖਲ ਹੋਇਆ ਸੀ । ਉਥੇ ਦਾ ਦਾਖਲਾ ਖਾਰਜ ਰਜਿਸਟਰ ਆਦਿ ਜੇਕਰ ਨਾ ਮਿਲੇ ਤਾਂ ਇਸ ਤੋਂ ਪਹਿਲਾਂ ਦਾ ਰਿਕਾਰਡ ਜੇ ਮਿਲ ਸਕੇ।
8. (ੳ) ਸਕੂਲ ਵੱਲੋਂ ਦਾਖਲਾ ਫਾਰਮ ਭਰਦੇ ਸਮੇਂ ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਕੋਈ ਗਲਤੀ ਦੀ ਲੋੜੀਂਦੀ ਸੋਧ ਸੰਬੰਧਿਤ ਪ੍ਰੀਖਿਆ ਸ਼ਾਖਾ ਵੱਲੋਂ 1000/-ਰੁਪਏ ਦੀ ਫੀਸ ਨਾਲ ਕੀਤੀ ਜਾਵੇਗੀ ਜੇਕਰ ਇਹ ਗਲਤੀ ਸਰਟੀਫਿਕੇਟ ਜਾਰੀ ਹੋਣ ਦੇ ਦੋ ਸਾਲ ਦੇ ਅੰਦਰ-ਅੰਦਰ ਦਫਤਰ ਦੇ ਧਿਆਨ ਵਿੱਚ ਲਿਖਤੀ ਰੂਪ ਵਿੱਚ ਲਿਆਂਦੀ ਜਾਵੇ ।

   (ਅ) ਦਫਤਰੀ ਪੱਧਰ ਤੇ ਜਨਮ ਮਿਤੀ/ ਪਿਤਾ/ ਮਾਤਾ ਦੇ ਨਾਂ ਵਿੱਚ ਹੋਈ ਗਲਤੀ ਨੂੰ ਸਕੱਤਰ ਜੀ ਦੀ ਪ੍ਰਵਾਨਗੀ ਨਾਲ ਸੋਧਿਆ ਜਾਵੇਗਾ/ ਜੇਕਰ ਇਹ ਗਲਤੀ ਸਰਟੀਫਿਕੇਟ ਜਾਰੀ ਹੋਣ ਦੇ ਦੋ ਸਾਲ ਦੇ ਅੰਦਰ-ਅੰਦਰ ਦਫਤਰ ਦੇ ਧਿਆਨ ਵਿੱਚ ਲਿਖਤੀ ਰੂਪ ਵਿੱਚ ਲਿਆਂਦੀ ਜਾਵੇ। ਇਸ ਸਬੰਧੀ ਕੋਈ ਫੀਸ ਨਹੀਂ ਲੱਗੇਗੀ ।
9. ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਕਰਾਉਣ ਸੰਬੰਧੀ ਸਬੂਤ ਵਜੋਂ ਲੋੜੀਂਦੇ ਦਸਤਾਵੇਜ਼ ਦਫਤਰ ਵਿੱਚ ਪੇਸ਼ ਕਰਨ ਦੀ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ।
10. ਬਿਨੈਕਾਰ ਨੂੰ ਸੋਧੀ ਹੋਈ ਜਨਮ ਮਿਤੀ/ ਪਿਤਾ/ ਮਾਤਾ ਦੇ ਨਾਂ ਦਾ ਦੁਪਰਤੀ ਸਰਟੀਫਿਕੇਟ ਲੈਣ ਵਾਲਾ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਲੋੜੀਂਦੀ ਫੀਸ ਸਮੇਤ ਦਫਤਰ ਨੂੰ ਭੇਜਣਾ ਪਵੇਗਾ ਅਤੇ ਪਹਿਲਾਂ ਜਾਰੀ ਹੋਇਆ ਅਸਲ ਨਤੀਜਾ ਕਾਰਡ/ ਸਰਟੀਫਿਕੇਟ ਵੀ ਦਫਤਰ ਵਿੱਚ ਜਮ੍ਹਾਂ ਕਰਾਉਣਾ ਪਵੇਗਾ।
11. ਜੇਕਰ ਕਮੇਟੀ ਦੁਆਰਾ ਕੇਸ ਨਾ-ਮੰਨਜੂਰ ਕਰ ਦਿੱਤਾ ਜਾਂਦਾ ਹੈ ਤਾਂ ਬਿਨੈਕਾਰ, ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਇਸ ਸੰਬੰਧੀ ਸੂਚਨਾ ਪੱਤਰ ਜਾਰੀ ਹੋਣ ਤੋਂ ਛੇ ਮਹੀਨੇ ਦੇ ਅੰਦਰ-ਅੰਦਰ ਕਮੇਟੀ ਦੇ ਨਿਰਣੇ ਵਿਰੁੱਧ ਅਪੀਲ ਕਰ ਸਕਦਾ ਹੈ।
12. ਫਾਰਮ ਦੇ ਨਾਲ ਪ੍ਰੀਖਿਆਰਥੀ ਦਾ ਜਨਮ ਪ੍ਰਮਾਣ ਪੱਤਰ (ਅਸਲ) ਜਰੂਰ ਭੇਜਿਆ ਜਾਵੇ। ਸੋਧ ਹੋਣ ਉਪਰੰਤ ਇਹ ਅਸਲ ਜਨਮ ਪ੍ਰਮਾਣ ਪੱਤਰ ਦਫਤਰ ਜਮ੍ਹਾਂ ਹੋਵੇਗਾ ਅਤੇ ਵਾਪਸ ਨਹੀਂ ਕੀਤਾ ਜਾਵੇਗਾ।